


ਜ਼ਿੰਮੇਵਾਰ ਦਫ਼ਤਰ: ਰਣਨੀਤੀ ਦਫ਼ਤਰ

**ਬੋਰਡ ਨੀਤੀ 5200**

**ਪਰਿਵਾਰਿਕ ਸ਼ਮੂਲੀਅਤ**

## ਉਦੇਸ਼

ਬੋਰਡ ਆਫ਼ ਟ੍ਰਸਟੀਜ਼ (ਬੋਰਡ) ਇਹ ਪੁਸ਼ਟੀ ਕਰਦਾ ਹੈ ਕਿ ਪਰਿਵਾਰਿਕ ਸ਼ਮੂਲੀਅਤ ਸਕੂਲਾਂ, ਪਰਿਵਾਰਾਂ ਅਤੇ ਭਾਈਚਾਰਿਆਂ ਦੀ ਸਾਂਝੀ ਜ਼ਿੰਮੇਵਾਰੀ ਹੈ, ਜਿੱਥੇ ਸਭ ਨੂੰ ਬੱਚਿਆਂ ਅਤੇ ਨੌਜਵਾਨਾਂ ਦੇ ਕਾਲਜ, ਕਿੱਤੇ ਅਤੇ ਜੀਵਨ ਭਰ ਸਿੱਖਦੇ ਰਹਿਣ ਬਾਬਤ ਵਿਕਾਸ ਲਈ ਸਾਂਝੇ ਤੌਰ 'ਤੇ ਸਫ਼ਲਤਾ ਨਾਲ ਕੰਮ ਕਰਨ ਲਈ ਲੋੜੀਂਦੇ ਉਪਕਰਨਾਂ ਅਤੇ ਸਹਾਇਤਾ ਤੱਕ ਦੀ ਸਮਾਨ ਪਹੁੰਚ ਮਿਲਦੀ ਹੈ। ਪਰਿਵਾਰਾਂ, ਸਿੱਖਿਅਕਾਂ, ਵਿਦਿਆਰਥੀਆਂ ਅਤੇ ਪ੍ਰਬੰਧਕਾਂ ਦੇ ਸਹਿਯੋਗ ਨਾਲ ਵਾਸ਼ੋ ਕਾਊਂਟੀ ਸਕੂਲ ਡਿਸਟ੍ਰਿਕਟ (ਡਿਸਟ੍ਰਿਕਟ) ਸਕੂਲਜ਼, ਜ਼ਿਲ੍ਹੇ ਦੀਆਂ ਰਣਨੀਤੀਆਂ ਦੇ ਮੁਤਾਬਿਕ ਅਜਿਹੀਆਂ ਰਣਨੀਤੀਆਂ ਬਣਾਵੇਗਾ ਅਤੇ ਉਨ੍ਹਾਂ ਦਾ ਪ੍ਰਚਾਰ ਕਰੇਗਾ ਜੋ ਪ੍ਰਭਾਵ-ਪੂਰਨ ਪਰਿਵਾਰਿਕ ਸ਼ਮੂਲੀਅਤ ਲਈ ਥਾਂ ਬਣਾਉਣ ਅਤੇ ਉਸ ਦਾ ਸਮਰਥਨ ਕਰਨ ਅਤੇ ਵੱਧ ਪ੍ਰਭਾਵਸ਼ਾਲੀ ਸਾਥੀ ਬਣਨ ਬਾਬਤ ਵਿਦਿਆਰਥੀਆਂ, ਪਰਿਵਾਰਾਂ ਅਤੇ ਸਿੱਖਿਅਕਾਂ ਦੀਆਂ ਲੋੜਾਂ ਜ਼ਾਹਿਰ ਕਰਨ।

## ਵਿਆਖਿਆਵਾਂ

1. "ਪਰਿਵਾਰ" ਦਾ ਮਤਲਬ ਹੈ ਕੋਈ ਵੀ ਅਜਿਹਾ ਵਿਅਸਕ ਸਹਾਇਤਾ-ਪ੍ਰਦਾਤਾ/ਨਿਗ੍ਰੇਬਾਨ ਜੋ ਆਪਣੇ ਬੱਚਿਆਂ ਦੇ ਪਾਲਣ-ਪੋਸ਼ਣ ਦੀ ਜ਼ਿੰਮੇਵਾਰੀ ਚੁੱਕਦਾ ਹੈ।

## ਨੀਤੀ

1. ਪਰਿਵਾਰ-ਸਕੂਲ ਭਾਈਵਾਲੀ ਵਿੱਚ ਵਾਧਾ ਕਰਨ ਲਈ, ਸੱਤ ਮਹੱਤਵਪੂਰਨ ਤੱਤਾਂ ਦਾ ਪ੍ਰਚਾਰ ਕੀਤਾ ਜਾਵੇਗਾ ਅਤੇ ਉਨ੍ਹਾਂ ਨੂੰ ਜ਼ਿਲ੍ਹੇ ਦੀ ਰਣਨੀਤੀ ਨਾਲ ਜੋੜਿਆ ਜਾਵੇਗਾ:
    a. ਸਾਰੇ ਪਰਿਵਾਰਾਂ ਦਾ ਸੁਆਗਤ। ਪਰਿਵਾਰ, ਸਕੂਲੀ ਜੀਵਨ ਦਾ ਸਰਗਰਮ ਹਿੱਸਾ ਹਨ, ਉਨ੍ਹਾਂ ਦਾ ਸਵਾਗਤ ਹੈ, ਉਨ੍ਹਾਂ ਦੀ ਕਦਰ ਕੀਤੀ ਜਾਂਦੀ ਹੈ ਅਤੇ ਉਹ ਇੱਕ-ਦੂਜੇ ਨਾਲ ਜੁੜੇ ਹੋਏ ਹਨ।
        i. ਪਰਿਵਾਰਾਂ ਨੂੰ ਇੱਜ਼ਤ ਦੇ ਕੇ ਅਤੇ ਉਨ੍ਹਾਂ ਨਾਲ ਭਾਈਚਾਰਕ ਤੌਰ 'ਤੇ ਜ਼ਿੰਮੇਵਾਰੀ ਨਾਲ ਪੇਸ਼ ਆ ਕੇ ਹੀ ਇੱਕ ਸਕਾਰਾਤਮਿਕ ਸਿੱਖਿਆ ਮਾਹੌਲ ਪੈਦਾ ਕੀਤਾ ਜਾ ਸਕਦਾ ਹੈ।
    b. ਪ੍ਰਭਾਵ-ਪੂਰਨ ਤਰੀਕੇ ਨਾਲ ਗੱਲ-ਬਾਤ। ਪਰਿਵਾਰ ਅਤੇ ਕਰਮਚਾਰੀ, ਵਿਦਿਆਰਥੀ ਦੀ ਸਿੱਖਿਆ ਬਾਰੇ ਸਹੀ ਮਾਇਨੇ ਵਿੱਚ, ਨਿਰੰਤਰ, ਦੁਪਾਸੜ, ਮੰਤਵ-ਮੁਖੀ ਗੱਲ-ਬਾਤ ਕਰਦੇ ਹਨ।
        i. ਪਰਿਵਾਰਾਂ ਨੂੰ ਪਤਾ ਹੈ ਕਿ ਆਪਣੀ ਗੱਲ ਕਿਵੇਂ ਕਹਿਣੀ ਹੈ ਅਤੇ ਸਕੂਲ ਨੂੰ ਜਵਾਬ ਕਿਵੇਂ ਭੇਜਣਾ ਹੈ।

ii. ਪਰਿਵਾਰਾਂ ਅਤੇ ਅਧਿਆਪਕਾਂ ਵਿਚਾਲੇ ਲਿਖਤੀ ਅਤੇ ਜ਼ੁਬਾਨੀ ਗੱਲ-ਬਾਤ ਸਨਮਾਨਜਨਕ ਤਰੀਕੇ ਨਾਲ ਹੁੰਦੀ ਹੈ ਅਤੇ ਉਸ ਵਿੱਚ ਪਰਿਵਾਰ ਦੀ ਮਾਤ-ਭਾਸ਼ਾ ਅਤੇ ਸਿੱਖਿਆ ਪਿਛੋਕੜ ਦਾ ਧਿਆਨ ਰੱਖਿਆ ਜਾਂਦਾ ਹੈ।

c. ਵਿਦਿਆਰਥੀ ਦੀ ਸਿਹਤ ਅਤੇ ਅਕਾਦਮਿਕ ਸਫ਼ਲਤਾ ਦਾ ਸਮਰਥਨ ਕਰਨਾ। ਘਰੇ ਅਤੇ ਸਕੂਲ ਦੋਵਾਂ ਥਾਵਾਂ 'ਤੇ ਵਿਦਿਆਰਥੀ ਦੀ ਸਿੱਖਿਆ ਅਤੇ ਵਿਕਾਸ ਦੇ ਸਮਰਥਨ ਲਈ ਪਰਿਵਾਰ ਅਤੇ ਸਕੂਲ ਦੇ ਕਰਮਚਾਰੀ ਇੱਕ ਦੂਜੇ ਨਾਲ ਕੰਮ ਕਰਦੇ ਹਨ ਅਤੇ ਆਪਣੇ ਗਿਆਨ ਅਤੇ ਆਪਣੀ ਕੁਸ਼ਲਤਾ ਵਿੱਚ ਵਾਧਾ ਕਰਨ ਲਈ ਉਨ੍ਹਾਂ ਨੂੰ ਨਿਰੰਤਰ ਮੌਕੇ ਮਿਲਦੇ ਹਨ ਤਾਂ ਜੋ ਉਹ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰ ਸਕਣ।

i. ਅਧਿਆਪਕ ਅਤੇ ਸਕੂਲ ਦੇ ਕਰਮਚਾਰੀ ਡੇਟਾ ਸਾਂਝਾ ਕਰਦੇ ਹਨ ਤਾਂ ਜੋ ਇਹ ਵੇਰਵਾ ਦਿੱਤਾ ਜਾ ਸਕੇ ਕਿ ਵਿਦਿਆਰਥੀ ਵਿਅਕਤੀਗਤ ਤੌਰ 'ਤੇ ਅਤੇ ਗ੍ਰੇਡ ਦੇ ਮਾਨਕਾਂ ਦੇ ਮੁਕਾਬਲੇ ਕਿਵੇਂ ਪ੍ਰਦਰਸ਼ਨ ਕਰ ਰਹੇ ਹਨ।

ii. ਸਿੱਖਿਅਕਾਂ ਅਤੇ ਸਹਾਇਕ ਪੇਸ਼ੇਵਰਾਂ ਤੋਂ ਪਰਿਵਾਰਾਂ ਨੂੰ ਜਾਣਕਾਰੀ, ਸਾਧਨਾਂ ਅਤੇ ਸਿੱਖਣ ਦੇ ਮੌਕਿਆਂ ਬਾਰੇ ਪਤਾ ਲੱਗਦਾ ਹੈ, ਤਾਂ ਜੋ ਉਹ ਇਹ ਜਾਣ ਸਕਣ ਕਿ ਉਹ ਜਮਾਤ ਤੋਂ ਬਾਹਰ ਆਪਣੇ ਬੱਚਿਆਂ ਨੂੰ ਪੜ੍ਹਾਈ ਵਿੱਚ ਕਿਵੇਂ ਮਦਦ ਕਰ ਸਕਦੇ ਹਨ ਅਤੇ ਉਨ੍ਹਾਂ ਦੀ ਪ੍ਰਗਤੀ 'ਤੇ ਕਿਵੇਂ ਨਜ਼ਰ ਰੱਖ ਸਕਦੇ ਹਨ।

iii. ਪਰਿਵਾਰ ਅਤੇ ਕਰਮਚਾਰੀਆਂ ਨੂੰ ਉਹ ਚੀਜ਼ਾਂ ਸਿੱਖਣ ਦੇ ਮੌਕੇ ਮਿਲਦੇ ਹਨ ਜੋ ਵਿਦਿਆਰਥੀ ਦੀ ਪੜ੍ਹਾਈ ਨਾਲ ਸਬੰਧਿਤ ਹੋਣ ਅਤੇ ਕਿਸੇ ਵਿਅਸਕ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਗਿਆਨ ਦੇਣ ਨਾਲ ਸਬੰਧ ਰੱਖਦੇ ਹੋਣ ਅਤੇ ਜੋ ਲੋੜ ਮੁਤਾਬਿਕ, ਮੰਤਵ-ਅਧਾਰਿਤ, ਸਾਂਝ-ਅਧਾਰਿਤ ਅਤੇ ਕਿਰਿਆਤਮਿਕ ਹੋਵੇ।

d. ਹਰ ਬੱਚੇ ਦੀ ਗੱਲ ਹੋਵੇ। ਪਰਿਵਾਰਾਂ ਕੋਲ ਆਪਣੇ ਅਤੇ ਹੋਰਨਾਂ ਬੱਚਿਆਂ ਲਈ ਖੜ੍ਹੇ ਹੋਣ ਦਾ ਹੱਕ ਹੈ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਵਿਦਿਆਰਥੀਆਂ ਨੂੰ ਸਿੱਖਿਆ ਸਾਧਨਾਂ ਤੱਕ ਬਰਾਬਰ ਪਹੁੰਚ ਪ੍ਰਾਪਤ ਹੋਵੇ।

i. ਵਿਦਿਆਰਥੀਆਂ ਦੀ ਸਫ਼ਲਤਾ ਵਿੱਚ ਮਦਦ ਕਰਨ ਵਾਲੇ ਸਾਧਨਾਂ ਅਤੇ ਪ੍ਰੋਗਰਾਮਾਂ ਦਾ ਲਾਭ ਲੈਣ ਲਈ ਅਧਿਆਪਕ ਅਤੇ ਪਰਿਵਾਰ ਇੱਕ-ਦੂਜੇ ਨਾਲ ਕੰਮ ਕਰਦੇ ਹਨ (ਉਦਾਹਰਨ ਵਜੋਂ, ਅੰਗਰੇਜ਼ੀ ਸਿੱਖਣ ਵਾਲੇ, ਪੜ੍ਹਾਉਣਾ, ਮਸ਼ਵਰਾ)।

ii. ਅਧਿਆਪਕ ਅਤੇ ਸਕੂਲ ਕਰਮਚਾਰੀ ਪਰਿਵਾਰਾਂ ਨੂੰ ਹੱਕ ਦਿੰਦੇ ਹਾਂ ਅਤੇ ਉਨ੍ਹਾਂ ਨੂੰ ਉਤਸ਼ਾਹਿਤ ਕਰਦੇ ਹਨ ਕਿ ਉਹ ਵਿਦਿਆਰਥੀਆਂ ਦੇ ਮਸਲੇ/ਮੁਸ਼ਕਲਾਂ ਹੱਲ ਕਰਨ ਲਈ ਆਵਾਜ਼ ਉਠਾਉਣ।

e. ਸਾਂਝੀ ਤਾਕਤ। ਬੱਚਿਆਂ ਅਤੇ ਪਰਿਵਾਰਾਂ ਨੂੰ ਪ੍ਰਭਾਵਿਤ ਕਰਨ ਵਾਲੇ ਫ਼ੈਸਲਿਆਂ ਦੇ ਮਾਮਲੇ ਵਿੱਚ ਪਰਿਵਾਰਾਂ ਅਤੇ ਸਕੂਲ ਦੇ ਕਰਮਚਾਰੀਆਂ ਨੂੰ ਬਰਾਬਰ ਹੱਕ ਹਾਸਿਲ ਹੋਵੇਗਾ। ਮਿਲ ਕੇ ਉਹ ਨੀਤੀਆਂ, ਪ੍ਰਕਿਰਿਆਵਾਂ ਅਤੇ ਪ੍ਰੋਗਰਾਮ ਬਣਾ ਸਕਦੇ ਹਨ, ਉਨ੍ਹਾਂ ਨੂੰ ਪ੍ਰਭਾਵਿਤ ਕਰ ਸਕਦੇ ਹਨ ਅਤੇ ਉਨ੍ਹਾਂ ਬਾਰੇ ਜਾਣਕਾਰੀ ਦੇ ਸਕਦੇ ਹਨ।

i. ਪ੍ਰਬੰਧਕ, ਸਿੱਖਿਅਕ ਅਤੇ ਸਿੱਖਿਆ ਸਹਾਇਤਾ ਪੇਸ਼ੇਵਰ ਪਰਿਵਾਰਾਂ ਨਾਲ ਮਿਲਦੇ ਹਨ ਤਾਂ ਜੋ ਵਿਦਿਆਰਥੀਆਂ ਦੀ ਸਿੱਖਿਆ ਸਬੰਧੀ ਫ਼ੈਸਲਿਆਂ ਬਾਬਤ ਉਹ ਇੱਕ-ਮੱਤ ਹੋ ਸਕਣ ਅਤੇ ਸਾਂਝੇ ਨਤੀਜੇ 'ਤੇ ਪਹੁੰਚ ਸਕਣ।

ii. ਜ਼ਿਲ੍ਹੇ ਦੇ ਸਾਰੇ ਕਰਮਚਾਰੀ ਪਰਿਵਾਰਾਂ ਨੂੰ ਉਤਸ਼ਾਹਿਤ ਕਰਨਗੇ ਕਿ ਉਹ ਸਥਾਨਕ ਅਤੇ ਜ਼ਿਲ੍ਹਾ ਪੱਧਰ 'ਤੇ ਸਕੂਲ ਦੇ ਮਾਮਲਿਆਂ ਵਿੱਚ ਸਰਗਰਮੀ ਨਾਲ ਭਾਗ ਲੈਣ। ਸਕੂਲ ਅਤੇ ਸਹਾਇਕ ਵਿਭਾਗ, ਮਾਪੇ ਸਲਾਹਕਾਰ ਸਮੂਹ, ਸਕੂਲ ਬੋਰਡ ਮੀਟਿੰਗਾਂ, ਸਕੂਲ ਸਮਾਗਮਾਂ ਅਤੇ ਗਤੀਵਿਧੀਆਂ ਵਿੱਚ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਨਗੇ।

f. ਭਾਈਚਾਰੇ ਨਾਲੇ ਭਾਈਵਾਲੀ। ਪਰਿਵਾਰ ਅਤੇ ਸਕੂਲ ਕਰਮਚਾਰੀ ਭਾਈਚਾਰੇ ਨਾਲ ਸਾਂਝ ਪਾਉਂਦੇ ਹਨ ਤਾਂ ਜੋ ਸਿੱਖਿਆ ਦੇ ਵਿਸਤਰਿਤ ਮੌਕਿਆਂ, ਭਾਈਚਾਰਕ ਸੇਵਾਵਾਂ ਅਤੇ ਜਨਤਕ ਸਮਾਗਮਾਂ ਵਿਚਲੀ ਸ਼ਮੂਲੀਅਤ ਨਾਲ ਵਿਦਿਆਰਥੀਆਂ, ਪਰਿਵਾਰਾਂ ਅਤੇ ਕਰਮਚਾਰੀਆਂ ਨੂੰ ਜੋੜਿਆ ਜਾ ਸਕੇ।

i. ਸੇਵਾਵਾਂ ਅਤੇ ਸਾਧਨਾਂ ਬਾਰੇ ਸਕੂਲ ਕਰਮਚਾਰੀ ਪਰਿਵਾਰਾਂ ਨਾਲ ਗੱਲ-ਬਾਤ ਕਰਦੇ ਹਨ, ਉਨ੍ਹਾਂ ਨੂੰ ਪ੍ਰੋਗਰਾਮਾਂ ਦੀਆਂ ਸਿਫ਼ਾਰਿਸ਼ਾਂ ਕਰਦੇ ਹਨ ਅਤੇ ਅਜਿਹੀਆਂ ਗਤੀਵਿਧੀਆਂ ਦੀ ਯੋਜਨਾ ਬਣਾਉਂਦੇ ਹਨ ਜੋ ਸਿੱਖਿਆ ਦੇ ਮੌਕਿਆਂ ਵਿੱਚ ਵਾਧਾ ਕਰਨ।

ii. ਜਮਾਤਾਂ, ਸਕੂਲ ਸਮਾਗਮਾਂ ਅਤੇ ਗਤੀਵਿਧੀਆਂ ਵਿੱਚ ਸ਼ਮੂਲੀਅਤ ਲਈ ਸਕੂਲ ਭਾਈਚਾਰਕ ਸੰਗਠਨਾਂ ਨੂੰ ਸ਼ਾਮਿਲ ਕਰਦੇ ਹਨ।

g. ਪਰਿਵਾਰਾਂ ਨੂੰ ਜੋੜਨ ਲਈ ਕਰਮਚਾਰੀਆਂ ਵਿੱਚ ਕੁੱਵਤ ਪੈਦਾ ਕਰਨੀ। ਕਰਮਚਾਰੀਆਂ ਕੋਲ ਅਜਿਹੇ ਪੇਸ਼ੇਵਰ ਸਿੱਖਿਆ ਮੌਕਿਆਂ ਤੱਕ ਦੀ ਪਹੁੰਚ ਹੈ ਜੋ ਉਨ੍ਹਾਂ ਦੀ ਸਭਿਆਚਾਰਕ ਯੋਗਤਾ ਵਾਧਾ ਕਰਦੇ ਹਨ ਅਤੇ ਜੋ ਉਨ੍ਹਾਂ ਨੂੰ ਅਜਿਹੀਆਂ ਵਿਹਾਰਕ, ਖੋਜ-ਅਧਾਰਤ ਰਣਨੀਤੀਆਂ ਬਾਰੇ ਦੱਸਦੇ ਹਨ ਜੋ ਪਰਿਵਾਰਾਂ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਜੁੜਨ ਦੀ ਉਨ੍ਹਾਂ ਦੀ ਯੋਗਤਾ ਵਿੱਚ ਵਾਧਾ ਕਰਦੇ ਹਨ।

i. ਸਕੂਲ ਮੁਹਤਬਰ ਕਰਮਚਾਰੀਆਂ ਨੂੰ ਲਗਾਤਾਰ ਕੋਚਿੰਗ ਅਤੇ ਸਮਰਥਨ ਦਿੰਦੇ ਹਨ ਤਾਂ ਜੋ ਪਰਿਵਾਰਾਂ ਨਾਲ ਸਾਂਝੇਦਾਰੀ ਨੂੰ ਲਗਾਤਾਰ ਬਿਹਤਰ ਬਣਾਇਆ ਜਾ ਸਕੇ।

ii. ਸਕੂਲ ਪ੍ਰਬੰਧਕ ਕਰਮਚਾਰੀਆਂ ਨੂੰ ਪਰਿਵਾਰਾਂ ਨਾਲ ਸਕਾਰਾਤਮਿਕ ਸਾਂਝੇਦਾਰੀ ਦੀ ਮਹੱਤਤਾ ਬਾਬਤ ਆਪਣੀਆਂ ਉਮੀਦਾਂ ਬਾਰੇ ਦੱਸਦੇ ਹਨ।

2. ਇਸ ਬੋਰਡ ਨੀਤੀ ਦੇ ਉਦੇਸ਼ ਨੂੰ ਲਾਗੂ ਕਰਨ ਅਤੇ ਇਸ ਦੀ ਨਿਰੰਤਰਤਾ ਬਣਾ ਕੇ ਰੱਖਣ ਲਈ ਬੋਰਡ ਸੁਪਰਡੈਂਟ ਨੂੰ ਪ੍ਰਬੰਧਕੀ ਕਾਇਦਾ ਅਪਣਾਉਣ ਦਾ ਨਿਰਦੇਸ਼ ਦਿੰਦਾ ਹੈ। ਪ੍ਰਬੰਧਕੀ ਕਾਇਦੇ ਵਿੱਚ ਸੁਪਰਡੈਂਟ ਹੇਠ ਲਿਖੀਆਂ ਮੱਦਾਂ ਸ਼ਾਮਿਲ ਕਰੇਗਾ:

a. ਐਵਰੀ ਸਟੂਡੈਂਟ ਸਕਸੀਡਜ਼ ਐਕਟ (ਈਐੱਸਐੱਸਏ) ਭਾਗ 116 ਪਰਿਵਾਰ ਸ਼ਮੂਲੀਅਤ ਨੀਤੀ ਵਿੱਚ ਦਰਜ ਲੋੜਾਂ ਮੁਤਾਬਿਕ।

## ਕਾਨੂੰਨੀ ਲੋੜਾਂ ਅਤੇ ਸਬੰਧਿਤ ਦਸਤਾਵੇਜ਼

1. ਇਹ ਬੋਰਡ ਨੀਤੀ ਜ਼ਿਲ੍ਹੇ ਦੀ ਰਣਨੀਤਕ ਯੋਜਨਾ ਨੂੰ ਦਰਸਾਉਂਦੀ ਹੈ ਅਤੇ ਜ਼ਿਲ੍ਹੇ ਦੇ ਸ਼ਾਸਕੀ ਦਸਤਾਵੇਜ਼ਾਂ ਮੁਤਾਬਿਕ ਹੈ, ਜਿਸ ਵਿੱਚ ਸ਼ਾਮਿਲ ਹਨ:

a. ਬੋਰਡ ਨੀਤੀ 1505, ਜ਼ਿਲ੍ਹੇ ਦੀ ਪ੍ਰਾਪਰਟੀ ਵਿੱਚ ਆਉਣ ਵਾਲੇ ਮਹਿਮਾਨ - ਮੰਤਵ-ਅਧਾਰਿਤ ਪਹੁੰਚ;

b. ਬੋਰਡ ਨੀਤੀ 1160, ਗੱਲਬਾਤ, ਭਾਈਚਾਰਕ ਸ਼ਮੂਲੀਅਤ, ਅਤੇ ਜਨਤਕ ਸ਼ਮੂਲੀਅਤ; ਅਤੇ

c. ਬੋਰਡ ਨੀਤੀ 9210, ਬਰਾਬਰੀ ਅਤੇ ਵਿਭਿੰਨਤਾ।

2. ਇਹ ਬੋਰਡ ਨੀਤੀ ਨੇਵਾਡਾ ਰਿਵਾਈਜ਼ਡ ਸਟੇਟਸਿਜ਼ (ਐੱਨਆਰਐੱਸ) ਅਤੇ ਨੇਵਾਡਾ ਐਡਮਿਨਿਸਟ੍ਰੇਟਿਵ ਕੋਡ (ਐੱਨਏਸੀ) ਮੁਤਾਬਿਕ ਹੈ, ਜਿਸ ਵਿੱਚ ਸ਼ਾਮਿਲ ਹੈ
   a. ਬਾਬ 385, ਪਰਿਵਾਰਿਕ ਸ਼ਮੂਲੀਅਤ ਲਈ ਸਲਾਹ ਕਾਉਂਸਿਲ, ਮਾਪਿਆਂ ਦੀ ਸ਼ਮੂਲੀਅਤ ਲਈ ਦਫ਼ਤਰ ਅਤੇ ਪਰਿਵਾਰਿਕ ਸ਼ਮੂਲੀਅਤ ਅਤੇ ਖ਼ਾਸ ਤੌਰ 'ਤੇ:
      i. ਐੱਨਆਰਐੱਸ 385.620. 1. – ਮਾਪਿਆਂ ਦੀ ਅਤੇ ਪਰਿਵਾਰਿਕ ਸ਼ਮੂਲੀਅਤ ਸਬੰਧੀ ਨੀਤੀ; ਅਤੇ
   b. ਬਾਬ 392, ਬੱਚੇ, ਅਤੇ ਖ਼ਾਸ ਤੌਰ 'ਤੇ:
      i. ਐੱਨਆਰਐੱਸ 392.456 – 392.458, ਮਾਪਿਆਂ ਦੀ ਅਤੇ ਪਰਿਵਾਰਿਕ ਸ਼ਮੂਲੀਅਤ।
3. ਇਹ ਬੋਰਡ ਨੀਤੀ ਸੰਘੀ ਕਨੂੰਨਾਂ ਅਤੇ ਕਾਇਦਿਆਂ ਮੁਤਾਬਿਕ ਹੈ, ਜਿਸ ਵਿੱਚ ਸ਼ਾਮਿਲ ਹਨ:
   a. ਫੈਡਰਲ ਐਲੀਮੈਂਟਰੀ & ਸੈਕੰਡਰੀ ਐਜੁਕੇਸ਼ਨ ਐਕਟ, ਭਾਗ ਏ, ਸਥਾਨਕ ਸਿੱਖਿਆ ਏਜੰਸੀਆਂ ਵੱਲੋਂ ਚਲਾਇਆ ਜਾਣ ਵਾਲੇ ਇੰਪ੍ਰੂਵਿੰਗ ਬੇਸਿਕ ਪ੍ਰੋਗ੍ਰਾਮ, ਭਾਗ 1116, ਮਾਪਿਆਂ ਅਤੇ ਪਰਿਵਾਰ ਦੀ ਸ਼ਮੂਲੀਅਤ; ਅਤੇ
   b. ਫੈਮਲੀ ਐਜੁਕੇਸ਼ਨਲ ਰਾਈਟਸ ਐਂਡ ਪ੍ਰਾਈਵੇਸੀ ਐਕਟ (ਐਫ਼ਈਆਰਪੀਏ) 20 ਯੂ.ਐੱਸ.ਸੀ § 1232ਜੀ; 34 ਸੀਐਫ਼ਆਰ ਭਾਗ 99)।

## ਸੋਧ ਇਤਿਹਾਸ

| ਮਿਤੀ | ਸੋਧ | ਬਦਲਾਓ |
|---|---|---|
| 3/12/2002 | 1.0 | ਅਪਣਾਈ ਨੀਤੀ |
| 11/20/2007 | 2.0 | ਸੋਧ ਕੀਤੀ |
| 7/24/2012 | 3.0 | ਸੋਧ ਕੀਤੀ |
| 4/10/2018 | 4.0 | ਸੋਧ ਕੀਤੀ: ਰਾਜ ਦੀ ਨੀਤੀ ਮੁਤਾਬਿਕ; 5036.1 ਤੋਂ ਬਦਲਿਆ ਨੀਤੀ ਨੰਬਰ |
| 03/29/2022 | 5.0 | ਸੋਧ ਕੀਤੀ: ਨਵਿਆਇਆ ਫਾਰਮੈਟ ਬੀਪੀ 9070 ਮੁਤਾਬਿਕ ਹੈ, ਪਰਿਵਾਰਕ ਸ਼ਮੂਲੀਅਤ ਸਬੰਧੀ ਰਾਜ ਦੀ ਨੀਤੀ ਅਤੇ ਰਾਜ ਦੀ ਵਿਆਖਿਆ ਮੁਤਾਬਿਕ ਭਾਸ਼ਾ ਨੂੰ ਨਵਿਆਇਆ ਗਿਆ। |